ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

ਸਿਲਵਰ ਓਕਸ ਸਕੂਲ ਸੇਵੇਵਾਲਾ 'ਚ ਦੀਵਾਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ/ ਫਰੀਦਕੋਟ, 7 ਨਵੰਬਰ : ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਦੀਵਾਲੀ ਦਾ ਪਵਿੱਤਰ ਤਿਉਹਾਰ ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਵਿਸ਼ੇਸ਼ ਦੀਵਾਲੀ ਪੂਜਾ ਦਾ ਆਯੋਜਨ ਕੀਤਾ ਗਿਆ। ਸਕੂਲ ਮੈਨੇਜਮੈਂਟ ਮੈਂਬਰ ਸ੍ਰੀ ਦੀਨਵ ਸਿੰਗਲਾ ਅਤੇ ਸਕੂਲ ਐਡਮਿਨਿਸਟਰੇਟਰ ਮਿਸਟਰ ਸੁਭਾਸ਼ ਬਾਂਸਲ ਦੀਵਾਲੀ ਪੂਜਾ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਸਾਰੇ ਸਕੂਲ ਮੈਂਬਰਾਂ ਨੇ ਸ੍ਰੀ ਗਣੇਸ਼ ਜੀ ਅਤੇ ਲਕਸ਼ਮੀ ਜੀ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਮੰਗਿਆ। ਤਿਉਹਾਰ ਦੀ ਸ਼ੁਰੂਆਤ ਐਲ.ਕੇ.ਜੀ. ਤੋਂ ਦੂਜੀ ਜਮਾਤ ਦੇ ਛੋਟੇ-ਛੋਟੇ ਬੱਚਿਆਂ ਦੁਆਰਾ ਪੇਸ਼ ਕੀਤੀ ਗਈ ਵਿਸ਼ੇਸ਼ ਸਭਾ ਨਾਲ ਹੋਈ। ਵਿਦਿਆਰਥੀਆਂ ਨੇ ਭਗਤੀ ਸੰਗੀਤ ਲਈ ਆਪਣੀ ਸ਼ਰਧਾ ਅਤੇ ਪਿਆਰ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਮਨਮੋਹਕ ਭਗਤੀ ਦੇ ਗੀਤ ਪੇਸ਼ ਕੀਤੇ। ਛੋਟੇ ਬੱਚਿਆਂ ਨੇ ਆਪਣੀ ਮਾਸੂਮੀਅਤ ਅਤੇ ਉਤਸਾਹ ਨਾਲ ਭਾਗ ਲਿਆ। ਇਸ ਤੋਂ ਇਲਾਵਾ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਤੋਰਨ-ਏ-ਤਿਓਹਾਰ' ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਸੁੰਦਰ ਤੋਰਨ ਬਣਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਪੈਲੇਟ ਆਫ਼ ਟਰੈਡੀਸ਼ਨਜ਼' ਤਹਿਤ ਰੰਗੋਲੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਰੰਗ-ਬਿਰੰਗੀਆਂ ਰੰਗੋਲੀਆਂ ਬਣਾ ਕੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਮੈਨੇਜਮੈਂਟ ਮੈਂਬਰ ਮਿਸਟਰ ਦੀਨਵ ਸਿੰਗਲਾ, ਐਡਮਿਨਿਸਟਰੇਟਰ ਮਿਸਟਰ ਸੁਭਾਸ਼ ਬਾਂਸਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਨੇ ਸਭ ਨੂੰ ਦੀਵਾਲੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਦੀਵਾਲੀ ਦਾ ਤਿਉਹਾਰ ਸਾਡੇ ਜੀਵਨ ਵਿੱਚ ਚਾਨਣ, ਖ਼ੁਸ਼ਹਾਲੀ ਅਤੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

ਲੋਕ ਜਨ ਸ਼ਕਤੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਬੱਬੂ ਅਟਵਾਲ ਨੇ ਦੇਸ਼ ਵਾਸੀਆਂ ਨੂੰ ਦਿੱਤੀ ਦਿਵਾਲੀ ਅਤੇ ਵਿਸ਼ਵਕਰਮਾ ਦਿਵਸ ਦੀ ਵਧਾਈ

ਚਿਰਾਗ ਪਾਸਵਾਨ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਭਲਾਈ ਮੁੱਦਿਆਂ 'ਤੇ ਕੀਤੀ ਚਰਚਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 7 ਨਵੰਬਰ : ਲੋਕ ਜਨ ਸ਼ਕਤੀ ਪਾਰਟੀ (ਲੋਜਪਾ) ਪੰਜਾਬ ਦੇ ਜਨਰਲ ਸਕੱਤਰ ਬੱਬੂ ਅਟਵਾਲ ਨੇ ਦੀਵਾਲੀਅਤੇ ਭਗਵਾਨ ਵਿਸ਼ਵਕਰਮਾ ਦਿਵਸ ਦੇ ਸ਼ੁਭ ਅਵਸਰ 'ਤੇ ਸਮੂਹ ਦੇਸ਼ ਅਤੇ ਪ੍ਰਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ ਦਿੱਤੀ। ਇਸ ਮੌਕੇ 'ਤੇ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਬੱਬੂ ਅਟਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਖੁਰਾਕ ਤੇ ਲੋਕ ਵੰਡ ਮੰਤਰੀ ਅਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਚਿਰਾਗ ਪਾਸਵਾਨ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤਾਂ ਅਤੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਰਣਨੀਤੀਆਂ 'ਤੇ ਗੰਭੀਰ ਚਰਚਾ ਕੀਤੀ ਗਈ। ਬੱਬੂ ਅਟਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਜਨ ਸ਼ਕਤੀ ਪਾਰਟੀ ਦਾ ਪੂਰਨ ਸਾਥ ਦੇਣ ਅਤੇ ਰਾਜ ਵਿੱਚ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਆਪਣਾ ਅਹਿਮ ਸਹਿਯੋਗ ਪਾਉਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣਾ ਪਾਰਟੀ ਦੀ ਪਹਿਲੀ ਪ੍ਰਾਥਮਿਕਤਾ ਹੈ, ਤਾਂ ਜੋ ਰਾਜ ਦੀ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਬੱਬੂ ਅਟਵਾਲ ਨੇ ਦਲਿਤ ਭਾਈਚਾਰੇ ਨੂੰ ਖਾਸ ਤੌਰ 'ਤੇ ਅਪੀਲ ਕਰਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜਤਾਉਂਦੇ ਹੋਏ ਹਰ ਹਲਕੇ ਵਿੱਚ 'ਲੋਜਪਾ' ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ। ਉਨ੍ਹਾਂ ਵਿਸ਼ਵਾਸ ਦਵਾਇਆ ਕਿ ਲੋਕ ਜਨ ਸ਼ਕਤੀ ਪਾਰਟੀ ਹੀ ਸਮਾਜ ਦੇ ਹਰ ਵਰਗ, ਵਿਸ਼ੇਸ਼ ਕਰਕੇ ਦਲਿਤ ਅਤੇ ਪਿਛੜੇ ਭਾਈਚਾਰੇ ਦੇ ਹੱਕਾਂ ਦੀ ਰਾਖੀ ਕਰਨ ਅਤੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਉਣ ਲਈ ਵਚਨਬੱਧ ਹੈ।

ਬਲਵਿੰਦਰ ਸਿੰਘ ਬਾਠ ਐਡਮਿੰਟਨ ਦੇ ਅਖੰਡ ਪਾਠ ਦੇ ਭੋਗ, ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



BALWINDER SINGH BATH

ਐਡਮਿੰਟਨ (ਕਨੇਡਾ) 7 ਨਵੰਬਰ : ਬਲਵਿੰਦਰ ਸਿੰਘ ਬਾਠ ਜੋ ਪਿਛਲੇ ਦਿਨੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਦੀ ਆਤਮਕ ਸ਼ਾਂਤੀ ਲਈ ਗੁਰਦੁਆਰਾ ਦੂਖ ਨਿਵਾਰਨ ਸਾਹਿਬ 6611 ਐਡਮਿੰਟਨ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ, ਗੁਰਬਾਣੀ ਕੀਰਤਨ ਉਪਰੰਤ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਉਹਨਾਂ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਜਿਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਸਾਕ ਸਬੰਧੀ ਰਿਸ਼ਤੇਦਾਰਾਂ ਭੈਣ ਭਰਾਵਾਂ ਤੇ ਹੋਰ ਮੋਹ ਰੱਖਣ ਵਾਲੇ ਯਾਰ ਦੋਸਤ ਮਿੱਤਰਾ ਨੂੰ ਵੀ ਬਲਵਿੰਦਰ ਸਿੰਘ ਬਾਠ ਦੇ ਹੱਸਦੇ ਵਸਦੇ ਘਰ ਵਿੱਚੋਂ ਦੂਰ ਉਡਾਰੀ ਮਾਰ ਜਾਣ ਤੇ ਦੁੱਖਾਂ ਦੇ ਪਹਾੜ ਡਿੱਗਣ ਬਰਾਬਰ ਦੁੱਖ ਹੈ। ਇਸ ਦਿਨ ਬਲਵਿੰਦਰ ਸਿੰਘ ਬਾਠ ਜੀ ਦਾ ਜਨਮ ਦਿਨ ਵੀ ਸੀ। ਸੋ ਇਸ ਮੌਕੇ ਤੇ ਕੇਕ ਕੱਟ ਕੇ ਉਹਨਾਂ ਨੂੰ ਯਾਦ ਕਰਦੇ ਹੋਏ ਸੱਚੀ ਸ਼ਰਧਾਂਜਲੀ ਅਰਪਿਤ ਕੀਤੀ ਗਈ। ਖਾਸ ਕਰਕੇ ਉਹਨਾਂ ਦੇ ਪੋਤੇ ਪੋਤੀਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪੋਤੇ ਪੋਤੀਆਂ ਲਈ ਦਾਦਾ ਇਕ ਖਿਡਾਉਣਾ ਹੁੰਦਾ ਹੈ ਤੇ ਸਭ ਤੇ ਸੱਚੇ ਮਿੱਤਰ ਤੇ ਇੱਕ ਰੱਬ ਵਰਗੇ ਪਿਆਰ ਦਾ ਵਜੂਦ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਉਹਨਾਂ ਦੀ ਜੀਵਨ ਸ਼ੈਲੀ ਉੱਪਰ ਵਿਚਾਰ ਰੱਖਦੇ ਹੋਏ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਜਿਹਨਾਂ ਵੱਖ-ਵੱਖ ਬੁਲਾਰਿਆਂ ਨੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਉਹਨਾਂ ਵਿੱਚ ਵਿਸ਼ੇਸ਼ ਤੌਰ ਤੇ ਸਾਹਿਤਕਾਰ ਸੁਰਜੀਤ ਕੌਰ, ਬਲਵਿੰਦਰ ਸਿੰਘ ਬਾਠ ਦਾ ਪਿਆਰਾ ਪੋਤਾ ਗੁਰਮਨ ਸਿੰਘ ਬਾਠ ,ਪੋਤੀ ਜਸਕਿਰਨ ਕੌਰ ਅਤੇ ਹੋਰ ਸੱਜਣਾਂ ਨੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

ਗਰੀਬ ਦੀ ਦਿਵਾਲੀ



ਵਰਲਡ ਪੰਜਾਬੀ ਟਾਈਮਜ਼
ਸ ਕਸ਼ਮੀਰ ਸਿੰਘ ਭੁਲੱਥ

ਗਰੀਬ ਦੀ ਦਿਵਾਲੀ ਕਾਹਦੀ
ਲੱਗੀ ਹੀ ਦਿਹਾੜੀ ਨਾ

ਆਸਾਂ ਲਾਈਆਂ ਬੱਚਿਆਂ ਨੇ
ਮਠਿਆਈਆਂ ਰੱਜ ਖਾਵਾਂਗੇ
ਜਦੋ ਪਾਪਾ ਘਰੇ ਆ ਗਏ
ਫਿਰ ਪਟਾਖੇ ਵੀ ਚਲਾਵਾਂਗੇ

ਮੁੜ ਆਇਆ ਖਾਲੀ ਹੱਥ
ਅਰਮਾਨ ਫਿੱਕੇ ਪੈ ਗਏ
ਉਮੀਦਾਂ ਦੇ ਚਿਰਾਗ ਅੱਜ
ਸੱਖਣੇ ਹੀ ਰਹਿ ਗਏ।

ਪਟਾਕਿਆਂ ਦੀ ਦੁਕਾਨ ਕੋਲ
ਮਜਦੂਰ ਇੱਕ ਖੜ੍ਹਾ ਸੀ
ਪਸੀਨੇ ਨਾਲ ਭਿੱਜਿਆ ਉਹ
ਮਜਬੂਰ ਦਿਸੇ ਬੜਾ ਸੀ

ਚਿਹਰੇ ਤੇ ਉਦਾਸੀ ਉਹਦੇ
ਸ਼ੌਕ ਮਰੇ ਹੋਏ ਸੀ
ਮਹਿੰਗਾਈ ਵਾਲੀ ਮਾਰ ਕੋਲੋਂ
ਅਰਮਾਨ ਡਰੇ ਹੋਏ ਸੀ

ਦਿਹਾੜੀ ਲਈ ਅੱਜ ਕਿਸੇ
ਅਵਾਜ਼ ਉਹਨੂੰ ਮਾਰੀ ਨਾ

ਬੱਚਿਆਂ ਦੇ ਸ਼ੌਕ ਅੱਗੇ
ਪਿਤਾ ਮਜਬੂਰ ਸੀ
ਰੱਬ ਨਾਲ ਇਸੇ ਗੱਲੋਂ
ਸ਼ਿਕਵੇ ਜ਼ਰੂਰ ਸੀ

ਪਟਾਕਿਆਂ ਦਾ ਛੋਰ ਸੀ
ਤੇ ਰੌਸ਼ਨ ਚੁਫੇਰਾ ਸੀ
ਭੁਲੱਥ ਘਰੇ ਅੱਜ ਰੱਬਾ
ਫਿਰ ਦੱਸ ਕਿਉਂ ਹਨੇਰਾ ਸੀ
ਭੁਲੱਥ ਘਰੇ ਅੱਜ———
ਭੁਲੱਥ ਘਰੇ ———

ਸੱਭਿਆਚਾਰਕ ਰੰਗ ਬਿਖੇਰਦਾ ਪੀ ਏ ਯੂ ਦਾ ਯੁਵਕ ਮੇਲਾ ਸਿਖਰ ਤੇ ਪੁੱਜਾ

ਖੇਤੀਬਾੜੀ ਕਾਲਜ ਨੇ ਓਵਰ ਆਲ ਚੈਂਪੀਅਨਸ਼ਿਪ ਟਰਾਫੀ ਜਿੱਤੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 7 ਨਵੰਬਰ : ਪੀ ਏ ਯੂ ਦਾ ਅੰਤਰ-ਕਾਲਜ ਯੁਵਕ ਮੇਲਾ 2026-27, ਡਾ.ਅਮਰਜੀਤ ਸਿੰਘ ਖਹਿਰਾ ਓਪਨ ਏਅਰ ਥੀਏਟਰ ਵਿਖੇ ਸੰਪੰਨ ਹੋਇਆ। ਪੰਜਾਬੀ ਸੱਭਿਆਚਾਰ ਦਾ ਪ੍ਰਗਟਾਵਾ ਕਰਦੇ ਇਸ ਸਮਾਗਮ ਵਿੱਚ ਨੌਜਵਾਨਾਂ ਦਾ ਉਤਸ਼ਾਹ, ਕਲਾਤਮਕ ਹੁਨਰ ਅਤੇ ਜ਼ਬਰਦਸਤ ਮੁਕਾਬਲੇਬਾਜ਼ੀ ਦੇਖਣ ਨੂੰ ਮਿਲੀ ਜਿਸ ਨਾਲ ਪੀ ਏ ਯੂ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਦਰਸ਼ਨ ਬਾਖ਼ੂਬੀ ਹੋਏ। ਜ਼ੋਰਦਾਰ ਤਾੜੀਆਂ, ਢੋਲ ਦੀ ਤਾਲ ਅਤੇ ਰੰਗਾਰੰਗ ਲੋਕ ਪੇਸ਼ਕਾਰੀਆਂ ਦੇ ਵਿਚਕਾਰ, ਕਾਲਜ ਆਫ਼ ਐਗਰੀਕਲਚਰ (ਖੇਤੀਬਾੜੀ ਕਾਲਜ), ਲੁਧਿਆਣਾ ਓਵਰ ਆਲ ਚੈਂਪੀਅਨ ਬਣਿਆ, ਜਦਕਿ ਕਾਲਜ ਆਫ਼ ਕਮਿਊਨਿਟੀ ਸਾਇੰਸ ਨੇ ਓਵਰ ਆਲ ਰਨਰਸ-ਅੱਪ ਟਰਾਫੀ ਹਾਸਲ ਕੀਤੀ।



ਇਸ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ, ਮਸ਼ਹੂਰ ਪੰਜਾਬੀ ਅਦਾਕਾਰ ਬੀਨੂ ਢਿੱਲੋਂ , ਹੌਬੀ ਧਾਲੀਵਾਲ, ਅਤੇ ਗਾਇਕ ਕਰਮਜੀਤ ਅਨਮੋਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਦੀ ਮੌਜੂਦਗੀ ਨੇ ਮੇਲੇ ਦੇ ਉਤਸ਼ਾਹ ਨੂੰ ਹੋਰ ਵਧਾ ਦਿੱਤਾ। ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ, ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਆਧੁਨਿਕ ਸਿੱਖਿਆ ਅਤੇ ਵਿਗਿਆਨਕ ਤਰੱਕੀ ਦੇ ਨਾਲ-ਨਾਲ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਯੁਵਕ ਮੇਲੇ ਵਰਗੇ ਮੰਚ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੇ ਮੌਕੇ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਹੀ, ਇਹ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਅਗਵਾਈ ਦੇ ਗੁਣ ਪੈਦਾ ਕਰਦੇ ਹਨ, ਜੋ ਸਮਾਜ ਵਿੱਚ ਸਾਰਥਕ ਯੋਗਦਾਨ ਪਾਉਣ ਲਈ ਜ਼ਰੂਰੀ ਹਨ।





ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਮੇਲੇ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਹਰੇਕ ਭਾਗੀਦਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੁਕਾਬਲੇ ਦੇ ਨਤੀਜੇ ਨਾਲੋਂ ਉਸ ਵਿੱਚ ਹਿੱਸਾ ਲੈਣਾ ਕਿਤੇ ਵੱਧ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਜਿੱਤ-ਹਾਰ ਨਾਲ ਜੁੜੀਆਂ ਭਾਵਨਾਵਾਂ ਸਮੇਂ ਦੇ ਨਾਲ ਧੁੰਦਲੀਆਂ ਪੈ ਸਕਦੀਆਂ ਹਨ, ਪਰ ਆਤਮ-ਵਿਸ਼ਵਾਸ, ਤਜਰਬਾ ਅਤੇ ਭਾਗੀਦਾਰੀ ਦੀ ਭਾਵਨਾ ਵਿਅਕਤੀ ਦੇ ਨਾਲ ਉਮਰ ਭਰ ਰਹਿੰਦੀ ਹੈ।

ਯੁਵਕ ਮੇਲਿਆਂ ਨੂੰ ਪੰਜਾਬ ਦੀ ਜੀਵੰਤ ਉਦਾਹਰਨ ਕਹਿੰਦਿਆਂ ਉਨ੍ਹਾਂ ਨੇ ਸ਼ਾਨਦਾਰ ਸੱਭਿਆਚਾਰਕ ਰੱਖ ਰਖਾਵ ਵਿੱਚ ਪੀ ਏ ਯੂ ਦੇ ਯੋਗਦਾਨ ਨੂੰ ਯਾਦ ਕਰਾਇਆ। ਡਾ ਧਾਲੀਵਾਲ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਮੌਜੂਦਾ ਪੀੜ੍ਹੀ ਦੇ ਬਹੁਤ ਸਾਰੇ ਵਿਦਿਆਰਥੀ ਆਉਣ ਵਾਲੇ ਸਾਲਾਂ ਵਿੱਚ ਵਿਲੱਖਣ ਪਛਾਣ ਬਣਾਉਣਗੇ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਹਿ-ਪਾਠਕ੍ਰਮ ਗਤੀਵਿਧੀਆਂ ਉੱਨਤ ਸ਼ਖਸੀਅਤਾਂ ਨੂੰ ਢਾਲਣ ਵਿੱਚ ਅਕਾਦਮਿਕ ਗਤੀਵਿਧੀਆਂ ਵਾਂਗ ਹੀ ਮਹੱਤਵਪੂਰਨ ਹਨ । ਜਿਨ੍ਹਾਂ ਵਿਦਿਆਰਥੀਆਂ ਨੇ ਇਨਾਮ ਪ੍ਰਾਪਤ ਨਹੀਂ ਕੀਤੇ ਹਨ, ਉਨ੍ਹਾਂ ਨੂੰ ਇਸ ਅਨੁਭਵ ਨੂੰ ਉੱਤਮਤਾ ਲਈ ਯਤਨ ਕਰਨ ਦਾ ਇੱਕ ਹੋਰ ਮੌਕਾ ਸਮਝਣ ਲਈ ਉਤਸ਼ਾਹਿਤ ਕੀਤਾ।

ਪੰਜਾਬੀ ਅਦਾਕਾਰ ਬਿੰਨੂ ਢਿੱਲੋਂ ਨੇ ਨੌਜਵਾਨ ਕਲਾਕਾਰਾਂ ਦੇ ਉਤਸ਼ਾਹ ਅਤੇ ਕਲਾਤਮਕ ਯੋਗਤਾਵਾਂ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਮੰਚ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦੀ ਪਛਾਣ ਕਰਨ ਅਤੇ ਉਸ ਨੂੰ ਨਿਖਾਰਨ ਦੇ ਅਨਮੋਲ ਮੌਕੇ ਪ੍ਰਦਾਨ ਕਰਦੇ ਹਨ।

ਇਸ ਤੋਂ ਪਹਿਲਾਂ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਕਮਲਜੀਤ ਸਿੰਘ ਸੂਰੀ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਪੂਰੇ ਤਿਉਹਾਰ ਦੌਰਾਨ ਪ੍ਰਦਰਸ਼ਿਤ ਹੁਨਰ ਦੀ ਸ਼ਲਾਘਾ ਕੀਤੀ।

ਕਾਲਜ ਆਫ਼ ਐਗਰੀਕਲਚਰ, ਲੁਧਿਆਣਾ ਨੇ ਓਵਰ ਆਲ ਨਤੀਜਿਆਂ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ। ਇਸ ਕਾਲਜ ਦੇ ਭਾਗੀਦਾਰਾਂ ਨੇ ਚੈਂਪੀਅਨਸ਼ਿਪ ਟਰਾਫੀ ਜਿੱਤਣ ਦੇ ਨਾਲ-ਨਾਲ ਫਾਈਨ ਆਰਟਸ, ਥੀਏਟਰ, ਨਾਚ, ਵਿਰਾਸਤੀ ਮੁਕਾਬਲਿਆਂ ਅਤੇ ਸੱਭਿਆਚਾਰਕ ਝਾਕੀਆਂ ਵਿੱਚ ਵੀ ਟਰਾਫੀਆਂ ਹਾਸਲ ਕੀਤੀਆਂ। ਸਾਹਿਤਕ ਮੁਕਾਬਲਿਆਂ ਦੀ ਸ਼੍ਰੇਣੀ ਵਿੱਚ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਜੇਤੂ ਰਿਹਾ, ਜਦਕਿ 'ਕਾਲਜ ਆਫ਼ ਕਮਿਊਨਿਟੀ ਸਾਇੰਸ' ਨੇ ਸੰਗੀਤ ਮੁਕਾਬਲਿਆਂ ਦੀ ਟਰਾਫੀ ਜਿੱਤੀ ਅਤੇ ਸਮੁੱਚੇ ਮੁਕਾਬਲੇ ਵਿੱਚ ਦੂਜੇ ਸਥਾਨ 'ਤੇ ਰਿਹਾ।

ਭੰਗੜੇ ਦੇ ਮੁਕਾਬਲੇ ਵਿੱਚ 'ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਤਕਨਾਲੋਜੀ' ਨੇ ਪਹਿਲਾ ਸਥਾਨ ਪ੍ਰਾਪਤ ਕੀਤਾ; 'ਕਾਲਜ ਆਫ਼ ਐਗਰੀਕਲਚਰ, ਲੁਧਿਆਣਾ' ਦੂਜੇ ਸਥਾਨ 'ਤੇ ਅਤੇ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਤੀਜੇ ਸਥਾਨ 'ਤੇ ਰਿਹਾ। ਗਿੱਧੇ ਵਿੱਚ, 'ਕਾਲਜ ਆਫ਼ ਕਮਿਊਨਿਟੀ ਸਾਇੰਸ, ਲੁਧਿਆਣਾ' ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ 'ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੁਧਿਆਣਾ' ਦੂਜੇ ਅਤੇ 'ਕਾਲਜ ਆਫ਼ ਹੌਰਟੀਕਲਚਰ ਐਂਡ ਫੌਰੈਸਟਰੀ, ਲੁਧਿਆਣਾ' ਤੀਜੇ ਸਥਾਨ 'ਤੇ ਰਹੇ।

ਜਨਰਲ ਕੁਇਜ਼ ਵਿੱਚ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ 'ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ' ਅਤੇ 'ਕਾਲਜ ਆਫ਼ ਐਗਰੀਕਲਚਰ, ਲੁਧਿਆਣਾ' ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਵਿਰਾਸਤੀ ਕੁਇਜ਼ ਵਿੱਚ 'ਕਾਲਜ ਆਫ਼ ਐਗਰੀਕਲਚਰ, ਲੁਧਿਆਣਾ' ਜੇਤੂ ਰਿਹਾ, ਜਦਕਿ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਨੇ ਦੂਜਾ ਅਤੇ 'ਕਾਲਜ ਆਫ਼ ਐਗਰੀਕਲਚਰ, ਬਲੋਵਾਲ ਸੌਂਖੜੀ' ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਸਮੂਹਿਕ ਲੋਕ ਨਾਚ ਮੁਕਾਬਲਾ 'ਕਾਲਜ ਆਫ਼ ਐਗਰੀਕਲਚਰ, ਲੁਧਿਆਣਾ' ਨੇ ਜਿੱਤਿਆ, ਜਦਕਿ 'ਕਾਲਜ ਆਫ਼ ਐਗਰੀਕਲਚਰ, ਬਲੋਵਾਲ ਸੌਂਖੜੀ' ਦੂਜੇ ਅਤੇ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼' ਤੀਜੇ ਸਥਾਨ 'ਤੇ ਰਹੇ।

ਮੋਨੋ ਐਕਟਿੰਗ ਵਿੱਚ 'ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ' ਦੇ ਵੰਸ਼ ਸ਼ਰਮਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ; 'ਕਾਲਜ ਆਫ਼ ਐਗਰੀਕਲਚਰ, ਲੁਧਿਆਣਾ' ਦੀ ਏਕਨੂਰ ਕੌਰ ਦੂਜੇ ਸਥਾਨ 'ਤੇ ਅਤੇ 'ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਟੀਜ਼ ਸਕਿੱਟ ਮੁਕਾਬਲੇ ਵਿੱਚ, ਕਾਲਜ ਆਫ਼ ਐਗਰੀਕਲਚਰ, ਬਲੋਵਾਲ ਸੌਂਖੜੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ; ਕਾਲਜ ਆਫ਼ ਐਗਰੀਕਲਚਰ, ਲੁਧਿਆਣਾ ਦੂਜੇ ਸਥਾਨ 'ਤੇ ਰਿਹਾ ਅਤੇ ਕਾਲਜ ਆਫ਼ ਹੌਰਟੀਕਲਚਰ ਐਂਡ ਫੌਰੈਸਟਰੀ ਤੀਜੇ ਸਥਾਨ 'ਤੇ ਰਿਹਾ।

'ਲੰਮੀ ਹੇਕ ਵਾਲੇ ਗੀਤ' ਮੁਕਾਬਲੇ ਵਿੱਚ, ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼ ਨੇ ਪਹਿਲਾ ਸਥਾਨ, ਕਾਲਜ ਆਫ਼ ਕਮਿਊਨਿਟੀ ਸਾਇੰਸ ਨੇ ਦੂਜਾ ਸਥਾਨ ਅਤੇ ਕਾਲਜ ਆਫ਼ ਐਗਰੀਕਲਚਰ, ਬਲੋਵਾਲ ਸੌਂਖੜੀ ਨੇ ਤੀਜਾ ਸਥਾਨ ਹਾਸਲ ਕੀਤਾ।

ਲੋਕ ਗੀਤ ਮੁਕਾਬਲੇ ਵਿੱਚ, ਕਾਲਜ ਆਫ਼ ਐਗਰੀਕਲਚਰ ਦੇ ਅਜੈਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ; ਕਾਲਜ ਆਫ਼ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀਜ਼ ਦੀ ਆਸ਼ਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ ਅਤੇ ਇੰਸਟੀਚਿਊਟ ਆਫ਼ ਐਗਰੀਕਲਚਰ, ਬਠਿੰਡਾ ਦੇ ਆਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕੁਝ ਅਦਾਕਾਰਾਂ ਨੂੰ ਸਰਵੋਤਮ ਵਿਦਿਆਰਥੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਕਾਲਜ ਆਫ਼ ਐਗਰੀਕਲਚਰ, ਲੁਧਿਆਣਾ ਦੀ ਰਸਮੀਨ ਕੌਰ ਨੂੰ 'ਬੈਸਟ ਡਿਬੇਟਰ' ਚੁਣਿਆ ਗਿਆ, ਜਦਕਿ ਉਸੇ ਕਾਲਜ ਦੇ ਦਵਿੰਦਰਪਾਲ ਸਿੰਘ ਨੂੰ 'ਬੈਸਟ ਸਪੀਕਰ ਅਵਾਰਡ' ਮਿਲਿਆ।

'ਬੈਸਟ ਸਿੰਗਰ ਅਵਾਰਡ' ਕਾਲਜ ਆਫ਼ ਐਗਰੀਕਲਚਰ, ਲੁਧਿਆਣਾ ਦੇ ਅਜੈਪ੍ਰੀਤ ਸਿੰਘ ਅਤੇ ਰਵਨੀਤ ਕੌਰ, ਅਤੇ ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਤਕਨਾਲੋਜੀ ਦੇ ਗੁਰਵੀਰ ਸਿੰਘ ਨੂੰ ਦਿੱਤੇ ਗਏ।

ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਯੁਵਰਾਜ ਸਿੰਘ ਬਰਾੜ ਨੂੰ 'ਬੈਸਟ ਭੰਗੜਾ ਡਾਂਸਰ' ਚੁਣਿਆ ਗਿਆ, ਜਦਕਿ ਕਾਲਜ ਆਫ਼ ਕਮਿਊਨਿਟੀ ਸਾਇੰਸ, ਲੁਧਿਆਣਾ ਦੀ ਜਸਨੂਰ ਕੌਰ ਨੂੰ 'ਬੈਸਟ ਗਿੱਧਾ ਡਾਂਸਰ ਅਵਾਰਡ' ਮਿਲਿਆ।

ਲੋਕ ਨਾਚ ਵਰਗਾਂ ਵਿੱਚ, ਕਾਲਜ ਆਫ਼ ਐਗਰੀਕਲਚਰਲ ਇੰਜੀਨੀਅਰਿੰਗ ਐਂਡ ਤਕਨਾਲੋਜੀ ਦੇ ਜਸ਼ਨਦੀਪ ਸਿੰਘ ਨੂੰ 'ਬੈਸਟ ਮੇਲ ਡਾਂਸਰ' ਐਲਾਨਿਆ ਗਿਆ, ਜਦਕਿ ਕਾਲਜ ਆਫ਼ ਕਮਿਊਨਿਟੀ ਸਾਇੰਸ ਦੀ ਖੁਸ਼ੀ ਚੁੱਗ ਨੂੰ 'ਬੈਸਟ ਫੀਮੇਲ ਡਾਂਸਰ ਅਵਾਰਡ' ਮਿਲਿਆ।